# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 04-05-2025**

- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤ ਦੀਆਂ ਪਹਿਲੀਆਂ ਦੋ ਜੀਨੋਮ ਸੰਪਾਦਿਤ ਚੌਲਾਂ ਦੀਆਂ ਕਿਸਮਾਂ ਜਾਰੀ ਕੀਤੀਆਂ।
- ਪਹਿਲਾ ਵਿਸ਼ਵ ਆਡੀਓ ਵਿਜ਼ੂਅਲ ਐਂਟਰਟੇਨਮੈਂਟ ਸੰਮੇਲਨ ਵੇਵਜ਼-2025 ਅੱਜ ਮੁੰਬਈ 'ਚ ਸਮਾਪਤ ਹੋਇਆ ।
- ਚੋਣ ਕਮਿਸ਼ਨ, ਚੋਣਾਂ ਨਾਲ ਸਬੰਧਤ ਸਾਰੀਆਂ ਸੇਵਾਵਾਂ ਇੱਕੋ ਥਾਂ ਪ੍ਰਦਾਨ ਕਰਨ ਲਈ, ਇੱਕ ਸਿੰਗਲ-ਪਲੇਟਫਾਰਮ ਐਪ E.C.I.N.E.T. ਜਾਰੀ ਕਰੇਗਾ।
- ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਦੋ ਵਿਅਕਤੀਆਂ ਅਤੇ BSF ਨੇ ਇਕ ਪਾਕਿਸਤਾਨੀ ਘੁਸਪੈਠੀਏ ਨੂੰ ਕੀਤਾ ਗ੍ਰਿਫ਼ਤਾਰ।
- ਖੇਲੋ ਇੰਡੀਆ ਯੁਵਾ ਖੇਡਾਂ-2025, ਅੱਜ ਪਟਨਾ 'ਚ ਇੱਕ ਸ਼ਾਨਦਾਰ ਸਮਾਗਮ ਨਾਲ ਸ਼ੁਰੂ ਹੋਈਆਂ।

- IPL ਕ੍ਰਿਕਟ ਵਿੱਚ ਪੰਜਾਬ ਕਿੰਗਜ਼ ਦਾ ਮੁਕਾਬਲਾ ਲਖਨਊ ਸੁਪਰ ਜਾਇੰਟਸ ਨਾਲ ਹੋਵੇਗਾ ।

------------------------------------------------------------------

ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤੀ ਖੇਤੀਬਾੜੀ ਖੋਜ ਕੌਂਸਲ ਵਲੋਂ ਵਿਕਸਤ ਭਾਰਤ ਦੀਆਂ ਪਹਿਲੀਆਂ ਦੋ ਜੀਨੋਮ ਸੰਪਾਦਿਤ ਚੌਲਾਂ ਦੀਆਂ ਕਿਸਮਾਂ ਜਾਰੀ ਕੀਤੀਆਂ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਅੱਜ ਭਾਰਤ ਲਈ ਇੱਕ ਇਤਿਹਾਸਕ ਦਿਨ ਏ । ਉਨ੍ਹਾਂ ਕਿਹਾ ਕਿ ਇਹ ਦੋਵੇਂ ਕਿਸਮਾਂ ਉਤਪਾਦਨ ਲਾਗਤ ਘਟਾਉਣਗੀਆਂ ਅਤੇ ਦੇਸ਼ ਵਿੱਚ ਚੌਲਾਂ ਦੇ ਉਤਪਾਦਨ ਵਿੱਚ ਵਾਧਾ ਕਰਨਗੀਆਂ।

BYTE:

------------------------------------------------------------------

ਪਹਿਲਾ World Audio Visual and Entertainment Summit (WAVES) 2025 ਅੱਜ ਮੁੰਬਈ 'ਚ ਖਤਮ ਹੋ ਗਿਆ I ਵੀਰਵਾਰ ਨੂੰ ਸ਼ੁਰੂ ਹੋਏ ਇਸ 4 ਦਿਨਾ ਸਿਖਰ ਸੰਮੇਲਨ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ I **ਪੇਸ਼ ਏ ਇੱਕ ਰਿਪੋਰਟ –**

*ਪ੍ਰਧਾਨ ਮੰਤਰੀ ਨੇ ਇਸ ਸੰਮੇਲਨ ਦੇ ਸ਼ੁਰੂਆਤੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਇਹ CREAT IN INDIA CREATE FOR THE WORLD ਲਈ ਸਹੀ ਸਮਾਂ ਏ. BYTE PM – ਚਾਰੇ ਦਿਨ ਇਸ ਸਿਖਰ ਸੰਮੇਲਨ 'ਚ ਮੀਡੀਆ ਤੇ ਮਨੋਰੰਜਨ ਜਗਤ ਨਾਲ ਜੁੜੇ ਅਹਿਮ ਸੈਸ਼ਨ ਹੋਏ. ਅੱਜ ਆਖਰੀ ਦਿਨ, ਫਿਲਮ ਨਿਰਮਾਣ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਤੇ ਮਾਸਟਰ ਕਲਾਸਾਂ ਮੁੱਖ ਆਕਰਸ਼ਣ ਰਹੀਆਂ ।*

*ਇੱਕ ਸੱਭਿਆਚਾਰਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਸੂਚਨਾ ਅਤੇ ਪ੍ਰਸਾਰਣ ਸਕੱਤਰ, ਸੰਜੇ ਜਾਜੂ ਨੇ ਕਿਹਾ ਕਿ WAVES ਵਿੱਚ ਹਿੱਸਾ ਲੈਣ ਵਾਲਾ ਹਰ ਰਚਨਾਕਾਰ, ਇੱਕ STAR ਬਣ ਕੇ ਜਾ ਰਿਹਾ ਏ ਤੇ WAVES ਨੇ ਅਜਿਹੀਆਂ ਵਿਲੱਖਣ ਪ੍ਰਤਿਭਾਵਾਂ ਨੂੰ ਉਜਾਗਰ ਕਰਨ ਵਿੱਚ ਮਦਦ ਕੀਤੀ ਏ ਜੋ, ਵਿਸ਼ਵ ਪੱਧਰ 'ਤੇ ਭਾਰਤ ਦੇ ਮੂਲ ਤੱਤ ਨੂੰ ਦਰਸਾਉਂਦੀਆਂ ਨੇ. ਸ੍ਰੀ ਜਾਜੂ ਨੇ ਇਹ ਵੀ ਕਿਹਾ ਕਿ WAVES ਨਿਵੇਸ਼, ਕਾਰੋਬਾਰ, ਕਲਾ ਅਤੇ*

*ਸੱਭਿਆਚਾਰ ਲਈ ਇੱਕ ਸ਼ਾਨਦਾਰ ਮੰਚ ਰਿਹਾ, ਜਿਸਨੇ ਆਪਣੇ ਆਪ ਨੂੰ ਇੱਕ ਲੋਕ ਲਹਿਰ ਵਜੋਂ ਕਾਇਮ ਕੀਤਾ-*
*BYTE*
*CONNECTING CREATORS , CONNECTING COUNTRIES TAGLINE ਵਾਲੇ ਇਸ ਸਿਖਰ ਸੰਮੇਲਨ ਨੇ ਭਾਰਤ ਨੂੰ ਮੀਡਿਆ, ਮਨੋਰੰਜਨ ਤੇ ਡਿਜਿਟਲ ਨਵੀਆਂ ਕਾਢਾਂ ਦੇ ਆਲਮੀ ਕੇਂਦਰ ਦੇ ਰੂਪ 'ਚ ਕਾਇਮ ਕਰਨ ਦਾ ਯਤਨ ਕੀਤਾ. ਇਸ ਸਿਖਰ ਸੰਮੇਲਨ 'ਚ 90 ਤੋਂ ਵਧ ਦੇਸ਼ਾਂ ਦੇ 10 ਹਜ਼ਾਰ ਤੋਂ ਵਧ ਪ੍ਰਤਿਨਿਧ ਸ਼ਾਮਿਲ ਹੋਏ.* ***RAJESH BALI , AKASHWANI NEWS***

---------------------------------------------------------------

ਚੋਣ ਕਮਿਸ਼ਨ ਜਲਦੀ ਹੀ ਹਿੱਸੇਦਾਰਾਂ ਲਈ ਇੱਕ ਸਿੰਗਲ-ਪਲੇਟਫਾਰਮ ਐਪ ECINET ਜਾਰੀ ਕਰੇਗਾ। ਚੋਣ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਏ ਕਿ ਨਵਾਂ ਪਲੇਟਫਾਰਮ, ECINET, ਚੋਣ ਕਮਿਸ਼ਨ ਦੀਆਂ 40 ਤੋਂ ਵੱਧ ਮੌਜੂਦਾ ਮੋਬਾਈਲ ਅਤੇ ਵੈੱਬ ਐਪਲੀਕੇਸ਼ਨਾਂ ਨੂੰ ਏਕੀਕ੍ਰਿਤ ਅਤੇ ਪੁਨਰਗਠਿਤ ਕਰੇਗਾ । ਬਿਆਨ ਵਿੱਚ ਕਿਹਾ ਗਿਆ ਏ ਇਹ ਵੋਟਰਾਂ, ਚੋਣ ਅਧਿਕਾਰੀਆਂ, ਰਾਜਨੀਤਿਕ ਪਾਰਟੀਆਂ ਅਤੇ ਹੋਰ ਹਿੱਸੇਦਾਰਾਂ ਲਈ ਇੱਕ ਨਵਾਂ ਡਿਜੀਟਲ ਇੰਟਰਫੇਸ ਹੋਵੇਗਾ I ਇਸ ਵਿੱਚ ਸਾਰੀਆਂ ਚੋਣ-ਸਬੰਧਤ ਗਤੀਵਿਧੀਆਂ ਲਈ ਇੱਕ ਸਿੰਗਲ ਪਲੇਟਫਾਰਮ ਪ੍ਰਦਾਨ ਕਰਕੇ ਇੱਕ ਸਹਿਜ ਖਪਤਕਾਰ ਇੰਟਰਫੇਸ ਅਤੇ ਇੱਕ ਸਰਲ ਤਜਰਬਾ ਹੋਵੇਗਾ। ਇਹ ਕਦਮ ਖਪਤਕਾਰਾਂ ਦੇ ਕਈ ਐਪਸ ਨੂੰ ਡਾਊਨਲੋਡ ਕਰਨ ਅਤੇ ਨੈਵੀਗੇਟ ਕਰਨ ਅਤੇ ਵੱਖ-ਵੱਖ ਲੌਗਇਨ ਯਾਦ ਰੱਖਣ ਦੇ ਬੋਝ ਨੂੰ ਘਟਾਉਣ ਲਈ ਵੀ ਤਿਆਰ ਕੀਤਾ ਗਿਆ ਏ । ਇਸ ਪਲੇਟਫਾਰਮ ਦੀ ਕਲਪਨਾ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਲੋਂ ਇਸ ਸਾਲ ਮਾਰਚ ਵਿੱਚ ਆਯੋਜਿਤ ਮੁੱਖ ਚੋਣ ਅਧਿਕਾਰੀਆਂ ਦੀ

ਕਾਨਫਰੰਸ ਦੌਰਾਨ ਕੀਤੀ ਗਈ ਸੀ। ਇਹ ਖਪਤਕਾਰਾਂ ਨੂੰ ਆਪਣੇ ਸਮਾਰਟਫੋਨਾਂ 'ਤੇ ਸੰਬੰਧਿਤ ਚੋਣ ਡੇਟਾ ਤੱਕ ਪਹੁੰਚ ਕਰਨ ਦੇ ਯੋਗ ਬਣਾਏਗਾ। ਇਹ ਯਕੀਨੀ ਬਣਾਉਣ ਲਈ ਕਿ ਡੇਟਾ ਜਿੰਨਾ ਸੰਭਵ ਹੋ ਸਕੇ ਸਹੀ ਏ , ECINET 'ਤੇ ਡੇਟਾ ਸਿਰਫ਼ ਅਧਿਕਾਰਤ ਚੋਣ ਕਮਿਸ਼ਨ ਅਧਿਕਾਰੀ ਵਲੋਂ ਦਰਜ ਕੀਤਾ ਜਾਵੇਗਾ।

-----------------------------------------------------------------

ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ । ਪਹਿਲਗਾਮ ਦਹਿਸ਼ਤਗਰਦੀ ਹਮਲੇ ਤੋਂ ਬਾਅਦ ਇਸ ਗ੍ਰਿਫ਼ਤਾਰੀ ਨੂੰ ਇੱਕ ਮਹੱਤਵਪੂਰਨ ਮੰਨਿਆ ਜਾ ਰਿਹਾ ਏ । ਉੱਚ ਪੱਧਰੀ ਪੁਲਿਸ ਸੂਤਰਾਂ ਦੇ ਹਵਾਲੇ ਨਾਲ, ਸਾਡੇ ਪੱਤਰਕਾਰ ਨੇ ਦਸਿਆ ਏ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਵਿਅਕਤੀ - ਪਲਕ ਸ਼ੇਰ ਮਸੀਹ ਅਤੇ ਸੂਰਜ ਮਸੀਹ - ਕਥਿਤ ਤੌਰ 'ਤੇ ਅੰਮ੍ਰਿਤਸਰ ਸਥਿਤ ਫੌਜੀ ਛਾਉਣੀ ਖੇਤਰਾਂ ਅਤੇ ਹਵਾਈ ਅੱਡਿਆਂ ਦੀ ਸੰਵੇਦਨਸ਼ੀਲ ਜਾਣਕਾਰੀ ਅਤੇ ਫੋਟੋਆਂ ਲੀਕ ਕਰਨ ਵਿੱਚ ਸ਼ਾਮਲ ਸਨ। ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਜਾਣਕਾਰੀ ਦਿਦਿਆਂ ਦਸਿਆ।

BYTE:

ਮੁੱਢਲੀ ਜਾਂਚ ਵਿੱਚ ਪਾਕਿਸਤਾਨੀ ਖੁਫੀਆ ਏਜੰਸੀ ਨਾਲ ਉਨ੍ਹਾਂ ਦੇ ਸਬੰਧਾਂ ਦਾ ਖੁਲਾਸਾ ਹੋਇਆ ਏ । ਅਗਲੇਰੀ ਜਾਂਚ ਜਾਰੀ ਏ ਅਤੇ ਇਸ ਤੋਂ

ਮਹੱਤਵਪੂਰਨ ਖੁਲਾਸੇ ਹੋਣ ਦੀ ਉਮੀਦ ਏ । ਉਧਰ ਸੀਮਾ ਸੁਰੱਖਿਆ ਬਲ ਨੇ ਅੰਮ੍ਰਿਤਸਰ ਵਿਚ ਭਾਰਤ-ਪਾਕਿਸਤਾਨ ਸਰਹੱਦ 'ਤੇ ਇਕ ਪਾਕਿਸਤਾਨੀ ਘੁਸਪੈਠੀਏ ਨੂੰ ਗ੍ਰਿਫ਼ਤਾਰ ਕੀਤਾ ਏ । BSF ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਹਵਾਲੇ ਨਾਲ ਸਾਡੇ ਪਤਰਕਾਰ ਨੇ ਦਸਿਆ ਕਿ ਘੁਸਪੈਠੀਆ ਬੀ.ਓ.ਪੀ ਦਰਿਆ ਮਨਸੂਰ ਨੇੜੇ ਦੇਰ ਸ਼ਾਮ ਭਾਰਤ-ਪਾਕਿਸਤਾਨ ਸਰਹੱਦ ਤੋਂ ਭਾਰਤ ਵਿੱਚ ਦਾਖਲ ਹੋਇਆ ਅਤੇ 117 ਬਟਾਲੀਅਨ ਦੇ ਜਵਾਨਾਂ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਉਸਤੋਂ ਪੁੱਛਗਿੱਛ ਕੀਤੀ ਜਾ ਰਹੀ ਏ ।

----------------------------------------------------------------

ਪੰਜਾਬ ਭਰ ਵਿਚ ਯੁੱਧ ਨਸਿਆਂ ਵਿਰੁੱਧ ਮੁਹਿੰਮ ਤਹਿਤ ਲੋਕ ਨੂੰ ਜਾਗਰੂਕ ਕੀਤਾ ਜਾ ਰਿਹਾ ਏ I ਪਠਾਨਕੋਟ ਜਿਲ੍ਹਾ ਪ੍ਰਸਾਸਨ ਵੱਲੋਂ ਵਿਖੇ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਇਸ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ,ਲਾਲ ਚੰਦ ਕਟਾਰੂਚੱਕ ਅਤੇ ਰਵਜੋਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਲੋਕਾਂ ਵੱਲੋਂ ਇਸ ਮੂਹਿੰਮ ਨੂੰ ਪੂਰਾ ਸਮਰਥਨ ਦਿੱਤਾ ਜਾ ਰਿਹਾ ਏ। ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ 7 ਮਈ ਤੋਂ ਪੰਜਾਬ ਸਰਕਾਰ ਵੱਲੋਂ ਪਿੰਡਾਂ ਅੰਦਰ ਨਸ਼ਾ ਮੁਕਤੀ ਯਾਤਰਾ ਕੱਢੀ ਜਾ ਰਹੀ ਏ ਅਤੇ ਇਹ ਸਿਲਸਿਲਾ ਜਾਰੀ ਰਹੇਗਾ। ਜਿਲ੍ਹਾ ਪਠਾਨਕੋਟ ਦੇ ਵੱਖ ਵੱਖ ਪਿੰਡਾਂ ਅੰਦਰ

ਬਣਾਈ ਗ੍ਰਾਮੀਣ ਸੁਰੱਖਿਆ ਕਮੇਟੀਆਂ , ਬਲਾਕ ਸੁਰੱਖਿਆ ਸਮਿਤੀਆਂ ਦੇ ਮੈਂਬਰ, ਪਿੰਡਾਂ ਦੇ ਸਰਪੰਚ ਅਤੇ ਪੰਚ, ਨੰਬਰਦਾਰ ਅਤੇ ਬਲਾਕ ਪ੍ਰਧਾਨ ਭਾਰੀ ਸੰਖਿਆ ਵਿੱਚ ਸਾਮਲ ਹੋਏ। ਓਧਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਵਿਖੇ ਪਿੰਡ ਸੁਰੱਖਿਆ ਕਮੇਟੀਆਂ ਤੇ ਵਾਰਡ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਹਰਪਾਲ ਸਿੰਘ ਚੀਮਾ ਨੇ ਸਾਰਿਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਚੁਕਾਉਂਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ 'ਯੁੱਧ ਨਸ਼ਿਆਂ ਵਿਰੁੱਧ' ਬਣੀ ਲੋਕ ਲਹਿਰ ਨੂੰ ਕਾਮਯਾਬ ਕਰਕੇ ਦੇਸ਼ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਾਇਆ ਜਾਵੇ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜ਼ਿਲਾ ਗੁਰਦਾਸਪੁਰ ਦੀਆਂ ਸਮੂਹ ਵਿਲੇਜ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਕੋਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਚ ਉਨ੍ਹਾਂ ਦਾ ਸਾਥ ਮੰਗਿਆ

-----------------------------------------------------------------

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੰਮ੍ਰਿਤਸਰ ਵਿਚ ਪਿੰਡ ਪੱਧਰੀ ਰੱਖਿਆ ਕਮੇਟੀਆਂ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੰਜਾਬ ਪੁਲਿਸ ਨੇ ਪਹਿਲੀ ਮਾਰਚ ਤੋਂ ਹੁਣ ਤੱਕ ਲਗਭਗ 8 ਹਜ਼ਾਰ ਮਾਮਲੇ ਦਰਜ ਕੀਤੇ ਨੇ ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹਰ ਜ਼ਿਲ੍ਹੇ ਵਿੱਚ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਹਨ ਅਤੇ ਅੰਮ੍ਰਿਤਸਰ ਵਿੱਚ 700 ਬਿਸਤਰਿਆਂ ਦੀ ਸਮਰੱਥਾ ਵਾਲਾ ਇੱਕ ਵੱਡਾ ਨਸ਼ਾ ਛੁਡਾਊ ਕੇਂਦਰ ਏ ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੌਰਾਨ, ਪੁਲਿਸ ਨੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ, ਜਿਸ ਵਿੱਚ ਲਗਭਗ ਸਾਢੇ ਤਿੰਨ ਕਿਲੋਗ੍ਰਾਮ ਹੈਰੋਇਨ, ਲਗਭਗ 10,000 ਕਿਲੋਗ੍ਰਾਮ ਭੁੱਕੀ, 160 ਕਿਲੋਗ੍ਰਾਮ ਅਫੀਮ, ਭੰਗ, ਹਸ਼ੀਸ਼, ਨਸ਼ੀਲੇ ਪਦਾਰਥ ਅਤੇ ਹੋਰ ਵਸਤਾਂ ਸ਼ਾਮਲ ਨੇ ।

---------------------------------------------------------------

ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ, ਬਦਰੀਨਾਥ ਧਾਮ ਦੇ ਕਪਾਟ ਅੱਜ ਰਵਾਇਤੀ ਰਸਮਾਂ ਤੋਂ ਬਾਅਦ ਖੋਲ੍ਹ ਦਿੱਤੇ ਗਏ। ਇਸ ਦੇ ਨਾਲ ਹੀ ਹੁਣ ਉਤਰਾਖੰਡ ਦੇ ਕੇਦਾਰਨਾਥ, ਗੰਗੋਤਰੀ ਅਤੇ ਯਮੁਨੋਤਰੀ ਸਮੇਤ ਚਾਰੇ ਧਾਮ ਦੇ ਕਪਾਟ ਸ਼ਰਧਾਲੂਆਂ ਲਈ ਖੁੱਲ੍ਹ ਗਏ ਨੇ । ਸੁਰੱਖਿਆ, ਸਿਹਤ, ਰਿਹਾਇਸ਼ ਅਤੇ ਆਵਾਜਾਈ ਪ੍ਰਬੰਧਨ ਨਾਲ ਸਬੰਧਤ ਤਿਆਰੀਆਂ ਵਿੱਚ ਹੋਰ ਸੁਧਾਰ ਕੀਤਾ ਗਿਆ ਏ । ਇਸ ਤੋਂ ਇਲਾਵਾ, ਧਾਮ ਨੂੰ ਜਾਣ ਵਾਲੇ ਰਸਤਿਆਂ 'ਤੇ ਨਿਗਰਾਨੀ ਲਈ ਸੀ.ਸੀ.ਟੀ.ਵੀ ਕੈਮਰੇ ਲਗਾਏ ਗਏ ਨੇ । ਇਸ ਤੋਂ ਇਲਾਵਾ ਪੁਲਿਸ ਅਤੇ ਹੋਮ ਗਾਰਡਾਂ ਦੀ ਤਾਇਨਾਤੀ ਵੀ ਵਧਾ ਦਿੱਤੀ ਗਈ ਏ । ਸੂਬਾ ਸਰਕਾਰ

ਨੇ ਸਾਰੇ ਸ਼ਰਧਾਲੂਆਂ ਨੂੰ ਯਾਤਰਾ ਦੌਰਾਨ ਉੱਤਰਾਖੰਡ ਨੂੰ ਸਾਫ਼ ਰੱਖਣ ਵਿੱਚ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ ਏ।

-----------------------------------------------------------------

ਭਾਰਤੀ ਰੇਲਵੇ ਨੇ ਚਾਰ ਧਾਮ ਯਾਤਰਾ ਲਈ ਇੱਕ 'ਭਾਰਤ ਗੌਰਵ ਡੀਲੈਕਸ' ਰੇਲਗੱਡੀ ਸ਼ੁਰੂ ਕੀਤੀ ਏ। ਇਹ ਰੇਲਗੱਡੀ ਬਦਰੀਨਾਥ, ਜੋਸ਼ੀਮੱਠ, ਰਿਸ਼ੀਕੇਸ਼, ਪੁਰੀ, ਕੋਨਾਰਕ , ਰਾਮੇਸ਼ਵਰਮ, ਦਵਾਰਕਾ ਦੇ ਨਾਲ-ਨਾਲ ਕਾਸ਼ੀ  ਵਿਸ਼ਵਾਨਾਥ , ਭਿਮ-ਸ਼ੰਕਰ , ਵਰਗੇ ਹੋਰ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਸ਼ੁਰੂ ਕੀਤੀ ਗਈ ਏ। ਇਹ ਰੇਲਗੱਡੀ ਕੁੱਲ 8 ਹਜ਼ਾਰ 425 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ। ਇਹ ਵਿਸ਼ੇਸ਼ ਰੇਲਗੱਡੀ ਇਸ ਮਹੀਨੇ ਦੀ 27 ਤਰੀਕ ਨੂੰ ਦਿੱਲੀ ਦੇ ਸਫਦਰ-ਜੰਗ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਵੇਗੀ ਅਤੇ 17 ਦਿਨਾਂ ਵਿੱਚ, ਦੇਸ਼ ਦੇ ਸਾਰੇ ਚਾਰ ਧਾਮ ਅਤੇ ਹੋਰ ਧਾਰਮਿਕ ਸਥਾਨਾਂ ਨੂੰ ਕਵਰ ਕਰੇਗੀ। ਰੇਲਗੱਡੀ ਦੀਆਂ ਟਿਕਟਾਂ IRCTC ਦੀ ਵੈੱਬਸਾਈਟ 'ਤੇ ਬੁੱਕ ਕੀਤੀਆਂ ਜਾ ਸਕਦੀਆਂ ਨੇ।

-----------------------------------------------------------------

ਅੱਜ ਜਲੰਧਰ ਸਮੇਤ ਪੰਜਾਬ ਵਿਚ ਕਈ ਥਾਈਂ ਹੋਈ ਹਲਕੀ ਵਰਖਾ ਨਾਲ, ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲੀ I

ਦੁਪਹਿਰ ਮਗਰੋਂ ਬੱਦਲਵਾਈ ਹੋਈ ਤੇ ਤੇਜ਼ ਹਵਾਵਾਂ ਵੀ ਵਗੀਆਂ ਹੋ ਹੁਣ ਵੀ ਜਾਰੀ ਏ I

-------------------------------------------------------------

ਖੇਲੋ ਇੰਡੀਆ ਯੁਵਾ ਖੇਡਾਂ, ਅੱਜ ਬਿਹਾਰ ਦੀ ਰਾਜਧਾਨੀ ਪਟਨਾ 'ਚ, ਪਾਟਲੀਪੁੱਤਰ ਸਪੋਰਟਸ ਕੰਪਲੈਕਸ ਵਿਖੇ ਇੱਕ ਸ਼ਾਨਦਾਰ ਸਮਾਗਮ ਨਾਲ ਸ਼ੁਰੂ ਹੋਈਆਂ । ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਕੇਂਦਰੀ ਖੇਡ ਮੰਤਰੀ ਡਾ. ਮਨਸੁਖ ਮਾਂਡਵੀਆ ਖੇਡਾਂ ਦਾ ਉਦਘਾਟਨ ਕਰਨਗੇ I 15 ਮਈ ਤੱਕ ਜਾਰੀ ਰਹਿਣ ਵਾਲੀਆਂ ਇਨ੍ਹਾਂ ਖੇਡਾਂ ਵਿੱਚ, 18 ਸਾਲ ਤੋਂ ਘੱਟ ਉਮਰ ਦੇ 8 ਹਜ਼ਾਰ 500 ਤੋਂ ਵੱਧ ਨੌਜਵਾਨ ਹਿੱਸਾ ਲੈ ਰਹੇ ਨੇ। ਪਟਨਾ, ਰਾਜਗੀਰ , ਗਯਾ , ਭਾਗਲਪੁਰ ਅਤੇ ਬੇਗ਼ੁਸਰਾਏ ਸਮੇਤ 6 ਸ਼ਹਿਰਾਂ ਵਿੱਚ, ਕੁੱਲ 28 ਮੁਕਾਬਲੇ ਕਰਾਏ ਜਾਣਗੇ। ਸਾਈਕਲਿੰਗ, ਸ਼ੂਟਿੰਗ ਅਤੇ ਐਥਲੈਟਿਕਸ ਦੇ ਮੁਕਾਬਲੇ ਨਵੀਂ ਦਿੱਲੀ ਵਿੱਚ ਹੋਣਗੇ। ਉਦਘਾਟਨੀ ਸਮਾਗਮ 'ਚ ਬਿਹਾਰ ਦੇ ਵਿਰਸੇ ਅਤੇ ਇਤਿਹਾਸ ਦਾ ਵਿਖਾਲਾ ਕਰਨ ਵਾਲਾ ਇੱਕ ਲੇਜ਼ਰ ਸ਼ੋਅ ਵੀ ਕਰਾਇਆ ਜਾਏਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇੱਕ ਵੀਡੀਓ ਸੰਦੇਸ਼ ਦੇ ਮਾਧਿਅਮ ਰਾਹੀਂ ਖਿਡਾਰੀਆਂ ਨੂੰ ਸੰਬੋਧਨ ਕਰਨਗੇ ।

-------------------------------------------------------------

IPL ਕ੍ਰਿਕਟ ਵਿੱਚ, ਅੱਜ ਪੰਜਾਬ ਕਿੰਗਜ਼ ਦਾ ਮੁਕਾਬਲਾ ਸ਼ਾਮੀ ਸਾਢੇ 7

ਵਜੇ ਧਰਮਸ਼ਾਲਾ 'ਚ ਲਖਨਊ ਸੁਪਰ ਜਾਇੰਟਸ ਨਾਲ ਹੋਵੇਗਾ। ਪੰਜਾਬ ਕਿੰਗਜ਼ 10 ਮੈਚਾਂ ਵਿੱਚ 13 ਅੰਕਾਂ ਨਾਲ ਚੌਥੇ ਸਥਾਨ 'ਤੇ ਏ। ਲਖਨਊ ਸੁਪਰ ਜਾਇੰਟਸ 10 ਅੰਕਾਂ ਨਾਲ 6ਵੇਂ ਸਥਾਨ 'ਤੇ ਹੈ।

---

- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਨਵੀਂ ਦਿੱਲੀ ਵਿੱਚ ਭਾਰਤ ਦੀਆਂ ਪਹਿਲੀਆਂ ਦੋ ਜੀਨੋਮ ਸੰਪਾਦਿਤ ਚੌਲਾਂ ਦੀਆਂ ਕਿਸਮਾਂ ਜਾਰੀ ਕੀਤੀਆਂ।
- ਪਹਿਲਾ ਵਿਸ਼ਵ ਆਡੀਓ ਵਿਜ਼ੂਅਲ ਐਂਟਰਟੇਨਮੈਂਟ ਸੰਮੇਲਨ ਵੇਵਜ਼-2025 ਅੱਜ ਮੁੰਬਈ 'ਚ ਸਮਾਪਤ ਹੋਇਆ ।
- ਚੋਣ ਕਮਿਸ਼ਨ, ਚੋਣਾਂ ਨਾਲ ਸਬੰਧਤ ਸਾਰੀਆਂ ਸੇਵਾਵਾਂ ਇੱਕੋ ਥਾਂ ਪ੍ਰਦਾਨ ਕਰਨ ਲਈ, ਇੱਕ ਸਿੰਗਲ-ਪਲੇਟਫਾਰਮ ਐਪ E.C.I.N.E.T. ਜਾਰੀ ਕਰੇਗਾ।
- ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਦੋ ਵਿਅਕਤੀਆਂ ਅਤੇ BSF ਨੇ ਇਕ ਪਾਕਿਸਤਾਨੀ ਘੁਸਪੈਠੀਏ ਨੂੰ ਕੀਤਾ ਗ੍ਰਿਫ਼ਤਾਰ।
- ਖੇਲੋ ਇੰਡੀਆ ਯੁਵਾ ਖੇਡਾਂ-2025, ਅੱਜ ਪਟਨਾ 'ਚ ਇੱਕ ਸ਼ਾਨਦਾਰ ਸਮਾਗਮ ਨਾਲ ਸ਼ੁਰੂ ਹੋਈਆਂ।

- IPL ਕ੍ਰਿਕਟ ਵਿੱਚ ਪੰਜਾਬ ਕਿੰਗਜ਼ ਦਾ ਮੁਕਾਬਲਾ ਲਖਨਊ ਸੁਪਰ ਜਾਇੰਟਸ ਨਾਲ ਹੋਵੇਗਾ।